ਡਾਇਰੈਕਟੋਰੇਟ
ਸਿਹਤ ਤੇ ਪਰਿਵਾਰ ਭਲਾਈ, ਪੰਜਾਬ
ਪਰਿਵਾਰ ਕਲਿਆਣ ਭਵਨ, ਸੈਕਟਰ-34-ਏ, ਚੰਡੀਗੜ੍ਹ ।
(ਅਮਲਾ-3 ਸ਼ਾਖਾ)
E-Mail- dhs.e3branch220@gmail.com

ਵੱਲ,

1) ਡਾਇਰੈਕਟਰ ਖੋਜ ਤੇ ਮੈਡੀਕਲ ਸਿੱਖਿਆ ਵਿਭਾਗ,ਪੰਜਾਬ,ਚੰਡੀਗੜ੍ਹ।
2) ਡਾਇਰੈਕਟਰ ਸਿਹਤ ਸੇਵਾਵਾਂ (ਸ.ਬ) ਪੰਜਾਬ ਚੰਡੀਗੜ੍ਹ।
3) ਡਾਇਰੈਕਟਰ ਸਿਹਤ ਸੇਵਾਵਾਂ,ਚੰਡੀਗੜ੍ਹ ਪ੍ਰਸ਼ਾਸਨ,ਚੰਡੀਗੜ੍ਹ।
4) ਪ੍ਰਿੰਸੀਪਲ ਮੈਡੀਕਲ ਕਾਲਜ,ਪਟਿਆਲਾ/ਅੰਮ੍ਰਿਤਸਰ/ਜਲੰਧਰ।
5) ਸਮੂਹ ਸਿਵਲ ਸਰਜਨ ਪੰਜਾਬ ਰਾਜ।
6) ਮੈਡੀਕਲ ਸੁਪਰਡੰਟ, ਸਿਵਲ ਹਸਪਤਾਲ ਜਲੰਧਰ, ਮਾਤਾ ਕੁਸ਼ਲਿਆ ਹਸਪਤਾਲ,ਪਟਿਆਲਾ,ਈ.ਐਸ.ਆਈ ਹਸਪਤਾਲ ਲੁਧਿਆਣਾ,ਅੰਮ੍ਰਿਤਸਰ,ਜਲੰਧਰ।
7) ਪ੍ਰਿੰਸੀਪਲ ਮੈਡੀਕਲ ਅਫਸਰ ਇੰ ਬੀ.ਬੀ.ਐਮ.ਬੀ ਹਸਪਤਾਲ ਨੰਗਲ, ਤਲਵਾੜਾ ਅਤੇ ਸੁੰਦਰ ਨਗਰ ।

ਨੰਬਰ ਈ-3(4)-ਪੰ:2022/ 5920-56
ਮਿਤੀ ਚੰਡੀਗੜ੍ਹ: 20-6-2022

ਵਿਸ਼ਾ- **ਬੈਚ-1996 ਮੈਡੀਕਲ ਅਫਸਰਾਂ ਦੀ amended ਫਾਇਨਲ ਸੀਨੀਅਰਤਾ ਸੂਚੀ ਜਾਰੀ ਕਰਨ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

2 ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਪੱਤਰ ਮਿਤੀ 03-06-2020 ਰਾਹੀ ਪ੍ਰੋਵੀਜ਼ਨਲ ਸੀਨੀਅਰਤਾ ਸੂਚੀ ਵਿਭਾਗ ਦੀ ਵੈੱਬ ਸਾਇਟ ਤੇ ਅਪਲੋਡ ਕਰਦੇ ਹੋਏ ਡਾਇਰੈਕਟਰ ਖੋਜ਼ ਅਤੇ ਮੈਡੀਕਲ ਸਿੱਖਿਆ,ਪੰਜਾਬ ਡਾਇਰੈਕਟਰ, ਸਿਹਤ ਸੇਵਾਵਾਂ(ਸ.ਬ),ਪੰਜਾਬ ਅਤੇ ਡਾਇਰੈਕਟਰ ਸਿਹਤ ਸੇਵਾਵਾਂ (ਚੰਡੀਗੜ ਪ੍ਰਸ਼ਾਸਨ) ਚੰਡੀਗੜ੍ਹ,ਸਮੂਹ ਸਿਵਲ ਸਰਜਨ,ਮੈਡੀਕਲ ਸੁਪਰਡੰਟ ਤੋ ਉਨ੍ਹਾ ਦੇ ਅਧੀਨ ਕੰਮ ਕਰਦੇ ਮੈਡੀਕਲ ਅਫਸਰਾਂ ਪਾਸੋ ਇਤਰਾਜ ਯੋਗ ਪ੍ਰਣਾਲੀ ਰਾਹੀਂ 1 ਮਹੀਨੇ ਦੇ ਅੰਦਰ ਅੰਦਰ ਮੰਗੇ ਗਏ ਸਨ।ਇਸ ਦਫਤਰ ਦੇ ਪੱਤਰ ਨੰ ਈ2(2)ਪੰ:20/2335-68 ਮਿਤੀ 17-06-2020 ਰਾਹੀ ਮੈਡੀਕਲ ਅਫਸਰਾਂ ਦੀ ਸੇਵਾ ਨੰਬਰ 6638 ਤੋ 6799 ਤੱਕ **amended** ਫਾਇਨਲ ਸੀਨੀਅਰਤਾ ਸੂਚੀ ਜਾਰੀ ਕੀਤੀ ਗਈ ਸੀ।ਇਹ ਸੀਨੀਅਰਤਾ ਸੂਚੀ ਵਿਭਾਗ ਦੀ ਵੈੱਬ ਸਾਇਟ ਤੇ ਅਪਲੋਡ ਕੀਤੀ ਗਈ ਸੀ।

ਡਾ ਰੇਨੂੰ ਅਗਰਵਾਲ (ਮਿੱਤਲ),ਮੈਰਿਟ ਨੰ 172/ਜੀ.ਸੀ/93(ਸੇਵਾ ਨੰ 6873) ਨੂੰ ਸਾਲ 1993 ਵਿੱਚ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ ਪ੍ਰੰਤੂ ਡਾਕਟਰ ਵੱਲੋ ਆਪਣੀ ਹਾਜਰੀ ਰਿਪੋਰਟ 09.11.1996 ਨੂੰ ਪੇਸ਼ ਕੀਤੀ ਸੀ । ਇਸ ਲਈ ਉਨਾਂ ਦਾ ਨਾਮ ਸਾਲ 1993 ਵਿੱਚ ਭਰਤੀ ਹੋਏ ਮੈਡੀਕਲ ਅਫਸਰਾਂ ਦੀ ਜਾਰੀ ਕੀਤੀ ਸੀਨੀਆਰਤਾ ਸੂਚੀ ਵਿੱਚ ਦਰਜ ਨਹੀਂ ਕੀਤਾ ਗਿਆ ਸੀ । ਸਾਲ 1996 ਵਿੱਚ ਭਰਤੀ ਹੋਏ ਮੈਡੀਕਲ ਅਫਸਰ ਦੀ ਸੀਨੀਅਰਤਾ ਸੂਚੀ ਜਾਰੀ ਕਰਨ ਸਮੇਂ ਡਾਕਟਰ ਦਾ ਮੈਰਿਟ ਨੰਬਰ 172/ਜੀਸੀ/93 ਹੋਣ ਕਰਕੇ ਵਿਚਾਰੇ ਜਾਣ ਤੋ ਰਹਿ ਗਿਆ ਸੀ । ਪ੍ਰੋਵੀਜ਼ਨਲ ਸੀਨੀਅਰਤਾ ਸੂਚੀ ਜਾਰੀ ਕਰਨ ਸਮੇਂ ਡਾਕਟਰ ਵੱਲੋ ਕੋਈ ਇਤਰਾਜ਼ ਪੇਸ਼ ਨਹੀ ਕੀਤਾ ਗਿਆ ਸੀ ਕਿ ਉਸਦਾ ਨਾਮ ਸੀਨੀਆਰਤਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ ।ਇਸ ਤਰ੍ਹਾ ਡਾਕਟਰ ਦਾ ਨਾਮ ਸੀਨੀਅਰਤਾ ਸੂਚੀ ਵਿੱਚ ਦਰਜ ਨਹੀ ਹੋਇਆ ਸੀ ।

ਡਾਕਟਰ ਵਲੋਂ ਮਿਤੀ 09.11.1996 ਨੂੰ ਆਪਣੀ ਹਾਜਰੀ ਰਿਪੋਰਟ ਪੇਸ਼ ਕੀਤੀ ਗਈ ਸੀ, ਇਸ ਲਈ ਸਰਕਾਰ ਵਲੋਂ ਸੀਨੀਆਰਤਾ ਸਬੰਧੀ ਸਮੇਂ-2 ਜਾਰੀ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਡਾਕਟਰ ਦਾ ਨਾਮ ਵਿਭਾਗ ਵੱਲੋ ਸਾਲ 1996 ਦੇ ਸਮੇਂ ਦੌਰਾਨ ਭਰਤੀ ਹੋਏ ਮੈਡੀਕਲ ਅਫਸਰਾਂ ਦੀ ਜਾਰੀ ਫਾਇਨਲ ਸੀਨੀਅਰਤਾ ਸੂਚੀ ਵਿੱਚ ਅਖੀਰ/Last ਤੇ ਦਰਜ ਕੀਤਾ ਜਾਂਦਾ ਹੈ। ਪੰਜਾਬ ਸਿਵਲ ਮੈਡੀਕਲ ਸਰਵਿਸ ਕਲਾਸ11)ਰੂਲਜ਼ 1982 ਦੀ ਨੋਟੀਫੀਕੇਸ਼ਨ ਦੇ ਨਿਯਮ 12 ਅਤੇ ਪੰਜਾਬ ਸਰਕਾਰ ਪ੍ਰਸੋਨਲ ਅਤੇ ਪ੍ਰਬੰਧਕੀ

ਸੁਧਾਰ(ਪ੍ਰਸੋਨਲ ਪਾਲਸੀਜ਼ ਬ੍ਰਾਂਚ-1) ਦੇ ਨੋਟੀਫਿਕੇਸ਼ਨ ਜੀ.ਐਸ.ਆਰ-33/ਕਾਂਸਟ/ART/320/94 ਮਿਤੀ 04.05.1994 ਰਾਹੀ ਜਾਰੀ ਨਿਯਮ Punjab civil services (General & common conditions of services) rules 1994 ਦੇ ਮੱਦ 8 ਅਧੀਨ ਉਪਬੰਧਾ ਤਹਿਤ ਸੀਨੀਅਰਤਾ ਸਬੰਧੀ ਹੇਠ ਅਨੁਸਾਰ ਕਾਰਵਾਈ ਕਰਦੇ ਹੋਏ ਡਾਕਟਰ ਰੇਨੂੰ ਅਗਰਵਾਲ (ਮਿੱਤਲ) ਦਾ ਨਾਮ ਬੈਚ 1996 ਦੀ ਫਾਇਨਲ ਸੀਨੀਅਰਤਾ ਵਿੱਚ ਸਭ ਤੋਂ ਹੇਠ ਲੜੀ ਨੰ :162 ਤੇ ਡਾ ਨਰਿੰਦਰ ਮੋਹਨ ਸੇਵਾ ਨੰ 6799 ਤੋ ਬਾਅਦ ਅਤੇ ਬੈਚ 1997 ਦੀ ਫਾਇਨਲ ਸੀਨੀਅਰਤਾ ਵਿੱਚ ਲੜੀ ਨੰ 1 ਤੇ ਡਾ.ਮਨੀਸ਼ਾ ਕਪੂਰ ਸੇਵਾ ਨੰ 6800 ਤੋ ਉਪਰ ਫਿਕਸ ਕੀਤਾ ਜਾਂਦਾ ਹੈ। ਡਾਕਟਰ ਦੇ ਸੇਵਾ ਵੇਰਵਾ ਹੇਠ ਲਿਖੇ ਅਨੁਸਾਰ ਹਨ:-

| S. No. | Merit No. | Old Service No. | New Service No. | Name | Father's Name | Caste | Qualification | D.O.B | Service entry on regular basis | D.O.R | REMARKS |
|---|---|---|---|---|---|---|---|---|---|---|---|
| 163 | 172/GC/93 | 6873 | 6799-A | RENU AGGRAWAL | BAL MUKAND | GENERAL | OPHTHOMOLOGIST | 12-SEP-68 | 09-NOV-96 | 30-09-2023 | Doctor has joined her duty after 3 years of getting appointment letter |

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਸੂਚੀ ਵਿੱਚ ਦਰਸਾਏ ਮੈਡੀਕਲ ਅਫਸਰ ਜੋ ਆਪ ਦੇ ਅਧੀਨ ਕੰਮ ਕਰਦੇ ਹਨ ਨੂੰ ਨੋਟ ਕਰਵਾ ਦਿੱਤਾ ਜਾਵੇ ਅਤੇ ਇਸ ਦਫਤਰ ਨੂੰ ਸਰਟੀਫੀਕੇਟ ਭੇਜਿਆ ਜਾਵੇ ਕਿ ਸਬੰਧਤ ਡਾਕਟਰਾਂ ਨੂੰ ਸਾਂਝੀ ਸੀਨੀਅਰਤਾ ਸੂਚੀ ਨੋਟ ਕਰਵਾ ਦਿੱਤੀ ਹੈ।ਜੇਕਰ ਕਿਸੇ ਮੈਡੀਕਲ ਅਫਸਰ ਨੂੰ ਜਾਰੀ ਕੀਤੀ ਸੀਨੀਅਰਤਾ ਸੂਚੀ ਸਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਯੋਗ ਪ੍ਰਣਾਲੀ ਰਾਂਹੀ ਦਸਤਾਵੇਜ਼ੀ ਸਬੂਤਾਂ ਸਮੇਤ ਇਸ ਦਫਤਰ ਨੂੰ ਭੇਜਿਆ ਜਾਵੇ।ਨਿਸ਼ਚਿਤ ਸਮੇਂ ਤੋ ਬਾਅਦ ਪ੍ਰਾਪਤ ਹੋਏ ਇਤਰਾਜਾਂ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।ਇਹ ਸੀਨੀਅਰਤਾ ਸੂਚੀ ਵਿਭਾਗ ਦੀ ਵੈਬ-ਸਾਇਟ(www.pbhealth.gov.in) ਤੇ ਪਾ ਦਿੱਤੀ ਗਈ ਹੈ।

17.6.22

ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ।

ਪਿੱਠ ਅੰਕਣ ਨੰ:ਈ2(2)ਪੰ:22/ ਮਿਤੀ.ਚੰਡੀਗੜ੍ਹ

ਉਤਾਰਾ :

1) ਸਕੱਤਰ,ਪੰਜਾਬ ਸਰਕਾਰ,ਸਿਹਤ ਤੇ ਪਰਿਵਾਰ ਭਲਾਈ ਵਿਭਾਗ(ਸਿਹਤ-1) ਨੂੰ ਸਰਕਾਰ ਦੇ ਮੀਮੋ ਨੰ 5/63/21-4ਸਿ1/684 ਮਿਤੀ 25-05-2022 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।
2) ਇੰਚਾਰਜ ਕੰਪਿਊਟਰ ਸੈਲ, ਦਫਤਰ ਡੀ.ਐਚ.ਐਸ.ਪੰਜਾਬ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨਾਲ ਉਕਤ ਸੀਨੀਅਰਤਾ ਸੂਚੀ ਵਿਭਾਗ ਦੀ ਵੈਬ-ਸਾਇਟ ਤੇ ਅੱਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਡਾਇਰੈਕਟਰ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ।